# ਸਿਟੀ ਆਫ ਬ੍ਰੈਂਪਟਨ, 23 ਨਵੰਬਰ ਨੂੰ ਸੂਬੇ ਦੇ ਗ੍ਰੇ-ਲੌਕਡਾਊਨ ਲੈਵਲ ਵਿੱਚ ਦਾਖ਼ਲ ਹੋ ਰਹੀ ਹੈ

ਬ੍ਰੈਂਪਟਨ, ਓਨਟੈਰੀਓ (20 ਨਵੰਬਰ, 2020) – ਸੋਮਵਾਰ, 23 ਨਵੰਬਰ, ਸਵੇਰੇ 12:01 ਵਜੇ ਤੋਂ, ਬ੍ਰੈਂਪਟਨ, ਪੀਲ ਰੀਜਨ (Peel Region) ਦੇ ਹਿੱਸੇ ਵਜੋਂ ਓਨਟੈਰੀਓ ਸਰਕਾਰ ਦੇ *ਓਨਟੈਰੀਓ ਨੂੰ ਸੁਰੱਖਿਅਤ ਅਤੇ ਖੁੱਲ੍ਹੇ ਰੱਖਣ ਸਬੰਧੀ ਫ੍ਰੇਮਵਰਕ (Keeping Ontario Safe and Open Framework)* ਦੇ ਗ੍ਰੇ-ਲੌਕਡਾਊਨ ਲੈਵਲ (Grey-Lockdown Level) ਵਿੱਚ ਦਾਖ਼ਲ ਹੋ ਰਿਹਾ ਹੈ।

**ਓਨਟੈਰੀਓ ਸਰਕਾਰ ਦਾ ਗ੍ਰੇ-ਲੌਕਡਾਊਨ ਲੈਵਲ**

ਸੂਬੇ ਦੇ ਗ੍ਰੇ-ਲੌਕਡਾਊਨ ਲੈਵਲ ਵਿੱਚ ਇਹ ਸੁਰੱਖਿਆ ਉਪਾਅ ਅਤੇ ਪਾਬੰਦੀਆਂ ਸ਼ਾਮਲ ਹਨ:

***ਸੰਗਠਿਤ ਜਨਤਕ ਕਾਰਜਕਰਮ, ਸਮਾਜਿਕ ਇਕੱਠ ਅਤੇ ਧਾਰਮਿਕ ਸੇਵਾਵਾਂ, ਰਸਮਾਂ ਅਤੇ ਸਮਾਰੋਹ***

- ਇੱਕੋ ਘਰ ਦੇ ਮੈਂਬਰਾਂ ਦੇ ਸਿਵਾਏ, ਕੋਈ ਹੋਰ ਇਨਡੋਰ ਸੰਗਠਿਤ ਜਨਤਕ ਕਾਰਜਕਰਮਾਂ ਜਾਂ ਸਮਾਜਿਕ ਇਕੱਠਾਂ ਦੀ ਇਜਾਜ਼ਤ ਨਹੀਂ ਹੈ। ਬਜ਼ੁਰਗਾਂ ਸਮੇਤ, ਜੋ ਵਿਅਕਤੀ ਇਕੱਲੇ ਰਹਿੰਦੇ ਹਨ, ਉਹ ਇੱਕ ਹੋਰ ਵਿਅਕਤੀ ਨਾਲ ਨੇੜਲਾ ਸੰਪਰਕ ਰੱਖਣ ਬਾਰੇ ਸੋਚ ਸਕਦੇ ਹਨ;
- ਆਉਟਡੋਰ ਸੰਗਠਿਤ ਜਨਤਕ ਕਾਰਜਕਰਮ ਜਾਂ ਸਮਾਜਿਕ ਇਕੱਠ, ਵੱਧ ਤੋਂ ਵੱਧ 10 ਵਿਅਕਤੀਆਂ ਤੱਕ ਸੀਮਿਤ ਹਨ;
- ਵਿਆਹ ਸਬੰਧੀ ਸੇਵਾਵਾਂ, ਅੰਤਿਮ ਸੰਸਕਾਰ ਸਬੰਧੀ ਸੇਵਾਵਾਂ ਅਤੇ ਧਾਰਮਿਕ ਸੇਵਾਵਾਂ, ਰਸਮਾਂ ਜਾਂ ਸਮਾਰੋਹਾਂ ਵਿੱਚ, , ਜਿੱਥੇ ਸਰੀਰਕ ਦੂਰੀ ਰੱਖੀ ਜਾ ਸਕਦੀ ਹੋਵੇ, ਇਨਡੋਰ 10 ਵਿਅਕਤੀ ਜਾਂ ਆਉਟਡੋਰ 10 ਵਿਅਕਤੀ ਤੱਕ ਸ਼ਾਮਲ ਹੋ ਸਕਦੇ ਹਨ।

***ਕਾਰੋਬਾਰ***

- ਰਿਟੇਲ ਸਟੋਰਾਂ ਨੂੰ ਸਿਰਫ਼ ਪਗਡੰਡੀ ਦੇ ਕਿਨਾਰੇ ਤੋਂ ਵਸਤਾਂ ਲਿਜਾਣ (ਕਰਬਸਾਈਡ ਪਿੱਕ-ਅਪ) ਜਾਂ ਡਿਲੀਵਰੀ ਵਾਸਤੇ ਹੀ ਖ੍ਹੋਲਣ ਦੀ ਇਜਾਜ਼ਤ ਹੈ। ਇਸ ਵਿੱਚ ਕੁਝ ਛੋਟਾਂ ਹਨ, ਜਿਵੇਂ ਸੁਪਰਮਾਰਕੀਟਾਂ, ਗ੍ਰੋਸਰੀ ਸਟੋਰ, ਫਾਰਮੈਸੀਜ, ਹਾਰਡਵੇਅਰ ਸਟੋਰ, ਗ੍ਰੋਸਰੀਜ ਵੇਚਣ ਵਾਲੇ ਡਿਸਕਾਊਂਟ ਅਤੇ ਬਿਗ ਬੌਕਸ ਰਿਟੇਲਰਸ (ਬਹੁਤ ਵੱਡੇ ਸਟੋਰ, ਜਿੱਥੇ ਸਾਰੀਆਂ ਵਸਤਾਂ ਇੱਕੋ ਥਾਂ ਤੇ ਮਿਲਦੀਆਂ ਹਨ), ਬੀਅਰ, ਵਾਈਨ ਅਤੇ ਸ਼ਰਾਬ ਸਬੰਧੀ ਸਟੋਰ, ਸੁਰੱਖਿਆ ਸਬੰਧੀ ਸਮਾਨ ਦੇ ਸਟੋਰ ਅਤੇ ਕਨਵੀਨੀਅਸ ਸਟੋਰ, ਜਿਹਨਾਂ ਨੂੰ 50 ਪ੍ਰਤੀਸ਼ਤ ਕੈਪੇਸਿਟੀ ਨਾਲ ਚਲਾਉਣ ਦੀ ਇਜਾਜ਼ਤ ਹੋਵੇਗੀ;
- ਰੈਸਟੋਰੈਂਟ, ਬਾਰਾਂ ਅਤੇ ਖਾਣ-ਪੀਣ ਸਬੰਧੀ ਸੰਸਥਾਨ, ਸਿਰਫ਼ ਭੋਜਨ ਘਰ ਲਿਜਾਣ, ਡ੍ਰਾਈਵ-ਥ੍ਰੂ ਅਤੇ ਡਿਲੀਵਰੀ ਸੇਵਾਵਾਂ ਪ੍ਰਦਾਨ ਕਰ ਸਕਣਗੇ। ਇਨਡੋਰ ਅਤੇ ਆਉਟਡੋਰ ਡਾਈਨਿੰਗ (ਰੈਸਟੋਰੈਂਟ ਆਦਿ ਦੀ ਅੰਦਰਲੀ ਅਤੇ ਬਾਹਰਲੀ ਥਾਂ ਵਿੱਚ ਖਾਣਾ-ਪੀਣਾ) ਤੇ ਪਾਬੰਦੀ ਹੈ;
- ਨਿੱਜੀ ਦੇਖਭਾਲ ਸਬੰਧੀ ਸੇਵਾਵਾਂ ਬੰਦ ਰਹਿਣਗੀਆਂ, ਜਿਵੇਂ ਹੇਅਰ ਸੈਲੂਨ, ਨਾਈ ਦੀਆਂ ਦੁਕਾਨਾਂ, ਨੇਲ ਸੈਲੂਨ ਅਤੇ ਟੈਟੂ ਪਾਰਲਰ;
- ਕੈਸੀਨੋ, ਬਿੰਗੋ ਹਾਲਸ ਅਤੇ ਜੂਏ ਸਬੰਧੀ ਹੋਰ ਸੰਸਥਾਨ ਬੰਦ ਰਹਿਣਗੇ;
- ਪੂਲਸ ਸਮੇਤ, ਇਨਡੋਰ ਸਪੋਰਟਸ ਅਤੇ ਰੇਕ੍ਰੀਏਸ਼ਨ ਸਬੰਧੀ ਫੈਸਿਲਿਟੀਜ ਸੀਮਿਤ ਛੋਟਾਂ ਨਾਲ ਬੰਦ ਰਹਿਣਗੀਆਂ।

***ਸਕੂਲ ਅਤੇ ਚਾਈਲਡਕੇਅਰ***

- ਸਕੂਲ, ਸਕੂਲ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਦੇ ਪ੍ਰੋਗਰਾਮ ਅਤੇ ਚਾਈਲਡ ਕੇਅਰ ਖੁੱਲ੍ਹੇ ਰਹਿਣਗੇ;
- ਪੋਸਟ ਸੈਕੰਡਰੀ ਸਕੂਲ, ਆਭਾਸੀ (ਵਰਚੁਅਲ) ਸਿਖਲਾਈ ਵਾਸਤੇ ਖੁੱਲ੍ਹਣਗੇ, ਪਰ ਓਹ ਜੋ ਟ੍ਰੇਨਿੰਗ ਸਿਰਫ਼ ਵਿਅਕਤੀਗਤ ਤੌਰ ਤੇ ਹੀ ਪ੍ਰਦਾਨ ਕੀਤੀ ਜਾ ਸਕਦੀ ਹੈ, ਜਿਵੇਂ ਕਲੀਨਿਕਲ ਟ੍ਰੇਨਿੰਗ ਜਾਂ ਟ੍ਰੇਡ ਨਾਲ ਸਬੰਧਤ ਟ੍ਰੇਨਿੰਗ, ਵਾਸਤੇ ਕੁਝ ਸੀਮਿਤ ਛੋਟਾਂ ਹਨ।

ਸੂਬੇ ਦੇ ਸਿਹਤ ਸਬੰਧੀ ਉਪਾਵਾਂ ਬਾਰੇ ਇੱਥੇ (here) ਹੋਰ ਪੜ੍ਹੋ।

BRAMPTON Service and Information Update

**ਸਿਟੀ ਦੀਆਂ ਸੇਵਾਵਾਂ ਅਤੇ ਫੈਸਿਲਿਟੀਜ**

***ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ***

ਸਿਟੀ ਹਾਲ (City Hall) ਅਤੇ ਕਾਰਪੋਰੇਟ ਫੈਸਿਲਿਟੀਜ, ਸਿਰਫ਼ ਮੁਲਾਕਾਤ ਬੁੱਕ ਕਰਕੇ ਵਿਅਕਤੀਗਤ ਸੇਵਾਵਾਂ ਲਈ ਖੁੱਲੀਆਂ ਰਹਿਣਗੀਆਂ। ਬਿਨਾਂ ਮੁਲਾਕਾਤ ਬੁੱਕ ਕੀਤੇ ਆਉਣ ਦੀ ਇਜਾਜ਼ਤ ਨਹੀਂ ਹੈ। ਮੁਲਾਕਾਤ ਬੁੱਕ ਕਰਨ ਲਈ, www.brampton.ca/skiptheline ਤੇ ਜਾਓ।

***ਸਿਟੀ ਦੇ ਰੇਕ੍ਰੀਏਸ਼ਨ ਸੈਂਟਰ***

23 ਨਵੰਬਰ, 2020 ਤੋਂ, ਸਿਟੀ ਆਫ ਬ੍ਰੈਂਪਟਨ ਦੀਆਂ ਸਾਰੀਆਂ ਰੇਕ੍ਰੀਏਸ਼ਨ ਫੈਸਿਲਿਟੀਜ, ਜਨਤਾ ਵਾਸਤੇ ਬੰਦ ਰਹਿਣਗੀਆਂ। ਫਿੱਟ ਅਤੇ ਕਿਰਿਆਸ਼ੀਲ ਰਹਿਣ ਬਾਰੇ ਵੀਡੀਓ ਦੇਖਣ ਲਈ, ਇੱਥੇ (here) ਕਲਿੱਕ ਕਰੋ।

**ਲਾਜ਼ਮੀ ਚਿਹਰਾ ਢਕਣਾ**

ਲਾਜ਼ਮੀ ਚਿਹਰਾ ਢਕਣਾ (ਮੈਨਡੇਟਰੀ ਫੇਸ ਕਵਰਿੰਗਸ) ਬਾਇ-ਲਾਅ (Mandatory Face Coverings By-law) ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਜਨਤਕ ਥਾਵਾਂ ਵਿਖੇ, ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜਾਂ ਚਿਹਰੇ ਨੂੰ ਢਕਣਾ ਲਾਜ਼ਮੀ ਹੈ। ਜਨਤਕ ਸੰਸਥਾਨਾਂ ਅਤੇ ਕਾਰੋਬਾਰਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹਨਾਂ ਦੇ ਨਿਯੰਤਰਣ ਵਾਲੀਆਂ ਇਨਡੋਰ ਜਨਤਕ ਥਾਵਾਂ ਵਿਖੇ, ਸਾਰੇ ਲੋਕ ਮਾਸਕ ਪਹਿਨ ਰਹੇ ਹਨ ਜਾਂ ਚਿਹਰਾ ਢਕ ਰਹੇ ਹਨ।

ਬਾਇ-ਲਾਅ ਕੁਝ ਵਿਅਕਤੀਆਂ ਨੂੰ ਛੋਟ ਦਿੰਦਾ ਹੈ। ਇਹਨਾਂ ਵਿੱਚ ਸ਼ਾਮਲ ਹਨ, ਉਹ ਵਿਅਕਤੀ, ਜੋ ਮੈਡੀਕਲ ਕਾਰਨਾਂ ਕਰਕੇ ਮਾਸਕ ਨਹੀਂ ਪਹਿਨ ਸਕਦੇ ਜਾਂ ਚਿਹਰਾ ਨਹੀਂ ਢਕ ਸਕਦੇ; ਦੋ ਸਾਲ ਤੋਂ ਘੱਟ ਉਮਰ ਦੇ ਬੱਚੇ; ਐਮਰਜੈਂਸੀ ਆਰਡਰਸ (Emergency Orders) ਦੇ ਮੁਤਾਬਕ ਐਥਲੈਟਿਕ ਗਤੀਵਿਧੀ ਵਿੱਚ ਸ਼ਾਮਲ ਵਿਅਕਤੀ। ਹੋਰ ਜਾਣਕਾਰੀ ਲਈ: www.brampton.ca/masks ਤੇ ਜਾਓ।

ਹੋਰ ਜਾਣਕਾਰੀ ਅਤੇ ਸੇਵਾ ਬੇਨਤੀਆਂ ਲਈ, ਨਿਵਾਸੀ ਅਤੇ ਕਾਰੋਬਾਰੀ 311 ਤੇ ਫੋਨ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311 ਮੋਬਾਈਲ ਐਪ (311 mobile app) ਵਰਤ ਸਕਦੇ ਹਨ।

**ਲਿੰਕ**

ਇਹਨਾਂ ਬਾਰੇ ਹੋਰ ਜਾਣੋ:

- ਸਿਟੀ ਆਫ ਬ੍ਰੈਂਪਟਨ ਕੋਵਿਡ-19 ਪ੍ਰੋਗਰਾਮਿੰਗ ਅਤੇ ਸੇਵਾ ਅੱਪਡੇਟ (City of Brampton COVID-19 programming and service updates)
- ਸਿਟੀ ਆਫ ਬ੍ਰੈਂਪਟਨ – ਕੀ ਖੁੱਲ੍ਹਾ ਹੈ, ਕੀ ਬੰਦ ਹੈ (City of Brampton – what's open, what's closed)
- ਕੋਵਿਡ-19 ਦੇ ਲੱਛਣ (COVID-19 Symptoms)
- ਬ੍ਰੈਂਪਟਨ ਵਿੱਚ ਟੈਸਟਿੰਗ (Testing in Brampton)
- ਖੁਦ ਨੂੰ ਦੂਜਿਆਂ ਤੋਂ ਵੱਖਰਾ ਕਿਵੇਂ ਰੱਖਣਾ ਹੈ (How to self-isolate)
- ਕੋਵਿਡ-19 ਦੇ ਦੌਰਾਨ ਕਾਰੋਬਾਰਾਂ ਅਤੇ ਕਾਰਜ ਸਥਾਨਾਂ ਨੂੰ ਸੁਰੱਖਿਅਤ ਰੱਖਣਾ (Keeping businesses and workplaces safe during COVID-19)
- ਪੀਲ ਵਿੱਚ ਕੋਵਿਡ-19 ਦੇ ਕੇਸ (Cases of COVID-19 in Peel)

**ਹਵਾਲਾ**

“ਪੂਰੀ ਸਿਟੀ ਵਿੱਚ ਸਾਡੀ ਟੀਮ ਨੇ, ਸਾਡੇ ਨਿਵਾਸੀਆਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਨੂੰ, ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਣ ਲਈ, ਬਿਨਾਂ ਥੱਕੇ ਅਤੇ ਪੂਰੀ ਮਿਹਨਤ ਨਾਲ ਕੰਮ ਕੀਤਾ ਹੈ। ਮੈਂ ਸਾਡੇ ਲਾਜ਼ਮੀ ਅਤੇ ਮਹੱਤਵਪੂਰਣ ਸੇਵਾਵਾਂ ਦੇ ਕਾਮਿਆਂ ਨੂੰ ਵੀ ਮਾਨਤਾ ਅਤੇ ਧੰਨਵਾਦ ਦੇਣਾ ਚਾਹੁੰਦਾ ਹਾਂ, ਜਿਹਨਾਂ ਕੋਲ ਘਰੋਂ ਕੰਮ ਕਰਨ ਦਾ ਮੌਕਾ ਨਹੀਂ ਹੈ ਅਤੇ ਉਹ ਸਾਡੇ ਸ਼ਹਿਰ ਨੂੰ ਸੁਰੱਖਿਅਤ ਰੱਖਣ ਲਈ, ਰੋਜ਼ਾਨਾ ਕੰਮ ਤੇ ਆ ਰਹੇ ਹਨ। ਹਾਲਾਂਕਿ ਬਹੁਤ ਸਾਰੇ ਲੋਕਾਂ ਵਾਸਤੇ ਇਹ ਬੇਹੱਦ ਮੁਸ਼ਕਲ ਸਮਾਂ ਹੈ, ਫਿਰ ਵੀ ਮੈਨੂੰ ਪਤਾ ਹੈ ਕਿ ਸਾਡਾ ਭਾਈਚਾਰਾ ਲਚਕੀਲਾ ਹੈ ਅਤੇ ਇਕੱਠੇ ਮਿਲ ਕੇ ਅਸੀਂ ਵੱਧ ਮਜ਼ਬੂਤੀ ਨਾਲ ਇਸਤੋਂ ਬਾਹਰ ਨਿੱਕਲਾਂਗੇ।”

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca